PUNJABDISAPPEARED.ORG
disappeared, denied but not forgotten

# ਪ੍ਰੈਸ ਨੋਟ

## ਪੰਜਾਬ ਵਿੱਚ ਗੁਮਸ਼ੁਦਗੀ,ਸਮੂਹਿਕ ਕਤਲੇਆਮ,ਝੂਠੇ ਮੁਕਾਬਲੇ ਅਤੇ ਗੈਰ ਕਾਨੂੰਨੀ ਸਸਕਾਰ ਦੇ ੮੨੫੭ ਮਾਮਲਿਆਂ ਦੇ ਨਵੇਂ ਸਬੂਤ

## ਸੁਪਰੀਮ ਕੋਰਟ ਵਿੱਚ ਦਾਇਰ ਕੀਤੀ ਜਾਣ ਵਾਲੀ ਪੀਪਲਜ਼ ਟ੍ਰਿਬਿਊਨਲ ਦੀ ਜਾਂਚ ਰਿਪੋਰਟ

ਪੰਜਾਬ ਡਾਕੂਮੈਂਟੇਸ਼ਨ ਐਂਡ ਐਡਵੋਕੇਸੀ ਪ੍ਰੋਜੈਕਟ {ਪੀ.ਡੀ.ਏ.ਪੀ.} ਦੁਆਰਾ ਕੀਤੀ ੭ ਸਾਲ ਖੋਜ ਉਪਰੰਤ ਜਬਰੀ ਗੁਮਸ਼ੁਦਗੀ ਅਤੇ ਝੂਠੇ ਪੁਲਿਸ ਮੁਕਾਬਲਿਆਂ ਦੇ ੮੨੫੭ ਮਾਮਲਿਆਂ ਦੇ ਨਵੇਂ ਤੇ ਪੁਖਤਾ ਸਬੂਤ ਮਿਲੇ ਹਨ ।

ਪੰਜਾਬ ਵਿੱਚ ਜੋ ੧੯੮੦ ਤੋਂ ੧੯੯੫ ਦੌਰਾਨ ਹੋਏ ਕਤਲ,ਪੀ.ਡੀ.ਏ.ਪੀ. ਦੀ ਰਿਪੋਰਟ (ਅਣਪਛਾਤਿਆਂ ਦੀ ਪਹਿਚਾਣ ਕਰਨਾ) ਵਿੱਚ ਰਲੀਜ ਕੀਤੇ ਗਏ ਹਨ।ਹੁਣ ਹਾਸਿਲ ਕੀਤੇ ਰਿਕਾਰਡ ਦੀ ਜਾਂਚ ਨੇ ਉਨ੍ਹਾਂ ਹਜਾਰਾਂ ਮਾਮਲਿਆਂ ਦਾ ਖੁਲਾਸਾ ਕੀਤਾ ਹੈ ਜੋ ਪਹਿਲਾਂ ਅਣਪਛਾਤੇ ਲਾਵਾਰਸ ਤੇ ਅਣਪਛਾਤੇ ਸਮੂਹਿਕ ਕਤਲੇਆਮ ਸਨ।

ਰਿਪੋਰਟ ਵਿਸਥਾਰਤ ਤੇ ਤਸਦੀਕ ਕਰਨ ਯੋਗ ਸਬੂਤਾਂ ਸਹਿਤ ਖੁਲਾਸਾ ਕਰਦੀ ਹੈ ,ਪੰਜਾਬ ਵਿੱਚ ਖਾੜਕੂਵਾਦ ਅਤੇ ਅੱਤਵਾਦ ਦੇ ਖਾਤਮੇ ਦੀ ਘੁਸਪੈਠ ਦੇ ਸਮੇਂ ਦੌਰਾਨ ਪੰਜਾਬ ਪੁਲਿਸ ਅਤੇ ਸੁਰੱਖਿਆ ਦੱਸਤਿਆਂ ਵਲੋਂ ੨੨ਜਿਲ੍ਹਿਆਂ ਵਿੱਚ ਬੜੇ ਹੀ ਯੋਜਨਾਬੱਧ ਤਰੀਕੇ ਨਾਲ ਕੀਤੇ ਗਏ ਕਤਲਾਂ ਦਾ ।

ਸਾਡੀ ਜਾਂਚ ਰਿਪੋਰਟ ਰਲੀਜ ,ਪੀੜਤਾਂ ਲਈ ਰਾਹਤ ਹੈ।ਸਾਡੀ ਖੋਜ ਸੁਪਰੀਮ ਕੋਰਟ ਆਫ ਇੰਡੀਆ ਪਾਸ ਪੇਸ਼ ਕੀਤੀ ਜਾਏਗੀ  ਤਾਂ ਜੋ ਇਨ੍ਹਾਂ ਮਾਮਲਿਆਂ ਦੀ ਜਾਂਚ ਕਰਵਾਈ ਜਾਏ ਤੇ ਪੰਜਾਬ ਭਰ ਵਿੱਚ ਜਬਰੀ ਗਾਇਬ ਕਰ ਦਿੱਤੇ ਅਤੇ ਕਤਲ ਕੀਤੇ ਲੋਕਾਂ ਦੇ ਪੀੜਤ ਪ੍ਰੀਵਾਰਾਂ ਨੂੰ ਇਨਸਾਫ ਦਿੱਤਾ ਜਾਏ । ਸ਼ੁਰੂਆਤ ਇਨ੍ਹਾਂ ੮੨੫੭ ਕੇਸਾਂ ਨਾਲ।

ਸਾਡੀ ਮੁਢਲੀ ਜਾਂਚ ਦਾ ਨਤੀਜਾ ਇੰਡੀਪੈਂਡੈਂਟ ਪੀਪਲਜ਼ ਟ੍ਰਿਬਿਊਨਲ (ਆਈ.ਪੀ.ਟੀ.), ਸੀ ਜਿਸਦਾ ੨ ਰੋਜਾ ਅਯੋਜਨ ਅਪ੍ਰੈਲ ਮਹੀਨੇ ਅੰਮ੍ਰਿਤਸਰ ਵਿੱਚ ਕੀਤਾ ਗਿਆ ।ਇਸ ਵਿੱਚ ਦੇਸ਼ ਭਰ ਤੋਂ ਸੇਵਾਮੁਕਤ ਜੱਜਾਂ,ਵਕੀਲਾਂ ਅਤੇ ਵਰਕਰਾਂ ਨੇ ੭੦੦ ਪੀੜਤ ਪ੍ਰੀਵਾਰਾਂ ਦੇ ਬਿਆਨ ਸੁਣੇ।ਆਈ.ਪੀ.ਟੀ. ਵਿੱਚ ਸ਼ਾਮਿਲ ਹਨ ਜਸਟਿਸ ਏ.ਕੇ ਗੰਗੁਲੀ (ਸੇਵਾਮੁਤਕ ਸੁਪਰੀਮ ਕੋਰਟ ਜੱਜ), ਕੋਲਿਨ ਗੋਨਸਾਲਵੇਜ (ਸੀਨੀਅਰ ਐਡਵੋਕੇਟ ਸੁਪਰੀਮ ਕੋਰਟ), ਕਵਿਤਾ ਸ੍ਰੀਵਾਸਤਵਾ (ਪੀ.ਯੂ.ਸੀ.ਐਲ,ਨੈਸ਼ਨਲ ਕਨਵੀਨਰ),ਬੀਬੀ ਪਰਮਜੀਤ ਕੌਰ ਖਾਲੜਾ (ਖਾਲੜਾ ਮਿਸ਼ਨ ਆਰਗੇਨਾਈਜੇਸ਼ਨ), ਜਸਟਿਸ  ਸੁਰੇਸ਼ (ਸੇਵਾਮੁਕਤ ਮੁੰਬਈ ਹਾਈਕੋਰਟ ਜੱਜ),ਬਬਲੂ ਲੋਇਟਿੰਗਬਮ (ਹਿਊਮਨ ਰਾਈਟਸ ਐਕਟੀਵਿਸਟ ਮਨੀਪੁਰ),ਤਪਨ ਬੋਸ (ਸੈਕਟਰੀ ਜਨ:ਸਾਊਥ ਏਸ਼ੀਆ ਹਿਊਮਨ ਰਾਈਟਸ ਫੋਰਮ) ਸੋਨੀ ਸੋਰੀ (ਟਰਾਈਬਲ ਰਾਈਟਸ ਐਕਟੀਵਿਸਟ, ਛਤੀਸਗੜ੍ਹ) ਅਤੇ ਪ੍ਰਵੀਨਾ ਅਹੰਗਰ (ਐਸੋਸੀਏਸ਼ਨ ਆਫ ਪੇਰੈਂਟਸ ਆਫ ਡਿਸਅਪੀਅਰਡ ਪਰਸਨਸ, ਕਸ਼ਮੀਰ)।

ਰਿਪੋਰਟ ਨੈਸ਼ਨਲ ਹਿਊਮਨ ਰਾਈਟਸ ਕਮਿਸ਼ਨ ਦੀ 'ਪੰਜਾਬ ਵਿੱਚ ਹੋਏ ਸਮੂਹਿਕ ਕਤਲੇਆਮ' ਪ੍ਰਤੀ ਢਿੱਲੀ ਕਾਰਗੁਜਾਰੀ ਦੀ ਨੁਕਤਾਚੀਨੀ ਕਰਦੀ ਹੈ ,ਜਿਨ੍ਹਾਂ ੨੦੯੭ ਮਾਮਲਿਆਂ ਦਾ ਖੁਲਾਸਾ ਮਨੁਖੀ ਅਧਿਕਾਰ ਕਾਰਕੁੰਨ ਜਸਵੰਤ ਸਿੰਘ ਖਾਲੜਾ ਨੇ ੧੯੯੫ ਵਿੱਚ ਅੰਮ੍ਰਿਤਸਰ ਜਿਲ੍ਹੇ ਦੇ ਤਿੰਨ ਪੁਲਿਸ ਜਿਲ੍ਹਿਆਂ ਬਾਰੇ ਕੀਤਾ। ਅਸੀਂ ਉਸ ਅਧੂਰੇ ਕਾਰਜ ਨੂੰ ਪੂਰਾ ਕਰਨ ਲਈ ਅੱਗੇ ਵੱਧ ਰਹੇ ਹਾਂ ਤੇ ਪੰਜਾਬ ਵਿੱਚ ਅੰਜ਼ਾਮ ਦਿੱਤੇ ਗਏ ਕਤਲੇਆਮ ਦੇ ਅਸਲ ਅੰਕੜਿਆਂ ਦੀ ਤਸਵੀਰ ਦਾ ਇੱਕ ਹਿੱਸਾ ਸਾਹਮਣੇ ਰੱਖ ਰਹੇ ਹਾਂ।

"ਪੀੜਤ ਪ੍ਰੀਵਾਰਾਂ ਨੂੰ ਪਤਾ ਲੱਗੇ ਕਿ ਉਨ੍ਹਾਂ ਦੇ ਪਿਆਰਿਆਂ ਨਾਲ ਕੀ ਵਾਪਰਿਆ। ਇਸ ਨਵੇਂ ਸਮੂਹਿਕ ਸਸਕਾਰ ਦੇ ਸਬੂਤਾਂ ਦੀ, ਇਨਸਾਫ ਤੇ ਜਵਾਬਦੇਹੀ ਲਈ ਅਜਾਦਾਨਾ ਜਾਂਚ ਹੋਣੀ ਚਾਹੀਦੀ ਹੈ"।

## ਰਿਪੋਰਟ ਰਿਲੀਜ

1) **Saturday 2nd December 2017**, **11.30AM**, **Chandigarh Press Club,** Sector 27-B, Chandigarh, 160019

2) **Sunday 10th December 2017**, **11.30AM, Press Club of India,** 1, Raisina Road, New Delhi, Delhi 110001









ਪੰਜਾਬ ਲਾਪਤਾ,

ਇਨਕਾਰ,

ਪਰ ਭੁੱਲੇ ਨਹੀ ॥

*www.punjabdisappeared.org*

ਜਗਜੀਤ ਸਿੰਘ

ਮੋ ਨੰ :- 8728882122